ਗੁਰੂ ਨਾਨਕ ਸਾਹਿਬ ਜੀ ਦੇ 550 ਸਾਲਾ
ਪ੍ਰਕਾਸ਼ ਪੁਰਬ ਨੂੰ ਸਮਰਪਿਤ

# ਗੁਰਮੁਖੀ ਲਿੱਪੀ ਦੇ ਸਰਲ ਨਿਯਮ

ਭਾਗ-ਪਹਿਲਾ




ਜਗਪ੍ਰੀਤ ਸਿੰਘ

Scanned by CamScanner

# ਜ਼ਰੂਰੀ ਬੇਨਤੀ

ਬੱਚਿਆਂ ਦੀਆਂ ਹਫ਼ਤਾਵਾਰੀ ਧਾਰਮਿਕ ਕਲਾਸਾਂ ਵੀ ਲਗਾਈਆਂ ਜਾ ਰਹੀਆਂ ਹਨ, ਇਨ੍ਹਾਂ ਕਲਾਸਾਂ ਵਿੱਚ ਬੱਚਿਆਂ ਨੂੰ ਗੁਰਬਾਣੀ ਸੰਥਿਆ, ਸਿੱਖ ਰਹਿਤ ਮਰਯਾਦਾ, ਸਿੱਖ ਇਤਿਹਾਸ ਅਤੇ ਸਿੱਖ ਫ਼ਿਲਾਸਫ਼ੀ ਪੜ੍ਹਾਈ ਜਾਂਦੀ ਹੈ। ਬੱਚਿਆਂ ਦੀਆਂ ਧਾਰਮਿਕ ਕਲਾਸਾਂ ਲਗਾਉਣ ਲਈ 86992-62042 'ਤੇ ਸੰਪਰਕ ਕਰੋ।

ਜਗਪ੍ਰੀਤ ਸਿੰਘ,
ਦਸਮੇਸ਼ ਨਗਰ, ਜੀ. ਟੀ. ਰੋਡ, ਬਟਾਲਾ, ਜ਼ਿਲ੍ਹਾ ਗੁਰਦਾਸਪੁਰ।

---

ਸੇਵਾ ਕਰਾਈ :- ਸੁਖਬੀਰ ਕੌਰ (ਲੈਕਚਰਾਰ, ਪੰਜਾਬੀ)
ਸ. ਸ. ਸ. ਸਕੂਲ, ਜੈਤੋਸਰਜਾ (ਗੁਰਦਾਸਪੁਰ)

* ਪੁਰਾਣੇ ਕੱਪੜੇ ਪਹਿਨ ਕੇ ਵੀ ਸਦਾ ਨਵੀਆਂ ਕਿਤਾਬਾਂ ਖਰੀਦਣ-ਪੜ੍ਹਨ ਦੀ ਕੋਸ਼ਿਸ਼ ਵਿੱਚ ਰਹੋ।
* ਲਾਇਬ੍ਰੇਰੀ ਉਹ ਅਧਿਆਪਕਾ ਹੈ ਜੋ ਬਿਨ੍ਹਾਂ ਕੁੱਟ-ਮਾਰ, ਘੂਰ ਜਾਂ ਗੁੱਸੇ ਅਤੇ ਬਿਨ੍ਹਾਂ ਫ਼ੀਸ ਦੇ ਮੁਫ਼ਤ ਸਿੱਖਿਆ ਦਿੰਦੀ ਹੈ।

ਛਾਪਕ :- ਹੰਸ ਪ੍ਰਿੰਟਿੰਗ ਪੋਆਇੰਟ, ਕਾਹਨੂੰਵਾਨ ਚੂੰਗੀ, ਬਟਾਲਾ ਮੋ: 8054061751

ਸਭ ਹੱਕ ਲੇਖਕ ਦੇ ਰਾਖਵੇਂ ਹਨ।

ਦੂਜੀ ਵਾਰ
ਜੁਲਾਈ ੨੦੧੯



ਕੁੱਲ ੧੦੦੦ ਕਾਪੀ

Scanned by CamScanner

# ਤਤਕਰਾ


੧. ਜਾਣ -ਪਛਾਣ....................................੪

੨. ਮੁਹਾਰਨੀ..........................................੫

੩. ਗੁਰਮੁਖੀ ਅੰਕ....................................੬

੪. ਵਰਣਮਾਲ਼ਾ........................................੮

੫. ਪ੍ਰਸ਼ਨ ਉੱਤਰ.......................................੮

੬. ਵਿਸ਼ਰਾਮ ਚਿੰਨ੍ਹ...................................੧੮

੭. ਗੁਰੂ ਨਾਨਕ ਸਹਿਬ ਜੀ ਦਾ ਸੰਖੇਪ ਜੀਵਨ...........੧੯




Scanned by CamScanner

# (ਜਾਣ-ਪਛਾਣ)

ਅਜੋਕੇ ਸਮੇਂ ਵਿੱਚ ਸਕੂਲਾਂ ਆਦਿ ਵਿੱਚ ਅੰਗਰੇਜ਼ੀ ਮੀਡੀਅਮ ਪੜ੍ਹਾਈ ਕਾਰਨ ਪੰਜਾਬੀ ਲਿੱਪੀ ਵੱਲ ਕੋਈ ਖ਼ਾਸ ਧਿਆਨ ਨਹੀਂ ਦਿੱਤਾ ਜਾ ਰਿਹਾ ਜਿਸ ਕਾਰਨ ਅੱਜ ਦੇ ਮਿਡਲ ਕਲਾਸ ਦੇ ਜ਼ਿਆਦਾਤਰ ਵਿਦਿਆਰਥੀ ਪੰਜਾਬੀ ਵੀ ਠੀਕ ਤਰ੍ਹਾਂ ਨਾਲ ਨਹੀਂ ਲਿਖ ਸਕਦੇ। ਬਹੁਤ ਘੱਟ ਅਜਿਹੇ ਵਿਦਿਆਰਥੀ ਹਨ; ਜੋ ਪੰਜਾਬੀ ਬੋਲੀ ਦੇ ਪੜ੍ਹਨ ਲਿਖਣ ਦੇ ਨਿਯਮਾਂ ਤੋਂ ਚੰਗੀ ਤਰ੍ਹਾਂ ਜਾਣੂ ਹੋਣ।

ਪੰਜਾਬੀ ਲਿੱਪੀ ਨੂੰ ਸਿੱਖ ਗੁਰੂ ਸਾਹਿਬਾਨ ਦੇ ਅਪਣਾਉਣ ਅਤੇ ਗੁਰਬਾਣੀ ਨੂੰ ਪੰਜਾਬੀ ਲਿੱਪੀ ਵਿੱਚ ਲਿਖਣ ਕਾਰਨ ਪੰਜਾਬੀ ਲਿੱਪੀ ਨੂੰ 'ਗੁਰਮੁਖੀ' ਲਿੱਪੀ ਦਾ ਮਾਣ ਪ੍ਰਾਪਤ ਹੋਇਆ ਅਤੇ ਪੰਜਾਬੀ ਲਿੱਪੀ ਨੂੰ 'ਗੁਰਮੁਖੀ ਲਿੱਪੀ' ਕਿਹਾ ਜਾਣ ਲੱਗਾ।

ਅੱਜ ਗੁਰਮੁਖੀ (ਪੰਜਾਬੀ) ਲਿੱਪੀ ਨੂੰ ਬਹੁਤ ਸਾਰੇ ਸਕੂਲਾਂ ਵਿੱਚ ਚੰਗੀ ਤਰ੍ਹਾਂ ਲਾਗੂ ਕਰਨ ਦੀ ਲੋੜ ਹੈ। ਪਰ ਇਸ ਦੇ ਉਲਟ ਸਕੂਲਾਂ ਆਦਿ ਵਿੱਚ ਪੰਜਾਬੀ ਬੋਲੀ ਬੋਲਣ ਤੇ ਵੀ ਰੋਕ ਲਗਾਈ ਜਾ ਰਹੀ ਹੈ। ਨਤੀਜਾ ਸਾਡੇ ਸਾਹਮਣੇ ਹੈ ਕਿ ਵਿਦਿਆਰਥੀ ਪੰਜਾਬੀ ਲਿੱਪੀ ਦੇ ਪੜ੍ਹਨ ਲਿਖਣ ਦੇ ਨਿਯਮਾਂ ਤੋਂ ਵੀ ਅਣਜਾਣ ਹਨ ਅਤੇ ਪੰਜਾਬੀ ਵਿਆਕਰਨ ਦੀ ਜਾਣਕਾਰੀ ਹੋਣਾ ਤਾਂ ਬਹੁਤ ਦੂਰ ਦੀ ਗੱਲ ਹੈ।

ਇਸ ਛੋਟੀ ਜਿਹੀ ਕਿਤਾਬ (Tract) ਵਿੱਚ ਪੰਜਾਬੀ ਲਿੱਪੀ ਦੇ ਪੜ੍ਹਨ ਲਿਖਣ ਦੇ ਕੁਝ ਕੁ ਜ਼ਰੂਰੀ ਨਿਯਮ ਲਿਖੇ ਹਨ, ਇਨ੍ਹਾਂ ਨਿਯਮਾਂ ਤੋਂ ਕੋਈ ਵੀ ਲਾਭ ਲੈ ਕੇ ਬਹੁਤ ਹੱਦ ਤੱਕ ਵਧੀਆ ਢੰਗ ਨਾਲ ਪੰਜਾਬੀ ਪੜ੍ਹ ਲਿਖ ਸਕਦਾ ਹੈ। ਜੇਕਰ ਇਸ ਕਿਤਾਬ (Tract) ਵਿੱਚ ਕੋਈ ਭੁੱਲ ਹੋਈ ਹੋਵੇ ਤਾਂ ਮਾਫ਼ ਕਰਨਾ ਅਤੇ ਸੋਧ ਕਰਨ ਦੀ ਲੋੜ ਹੋਵੇ ਤਾਂ ਇਸ ਬਾਰੇ ਜ਼ਰੂਰ ਸੁਝਾਅ ਦਿੱਤਾ ਜਾਵੇ।

ਜਗਪ੍ਰੀਤ ਸਿੰਘ ੮੬੯੯੨੬੨੦੪੨

Scanned by CamScanner

# ਮੁਹਾਰਨੀ

| | | | | | | | | | | | | | | | | |
|---|---|---|---|---|---|---|---|---|---|---|---|---|---|---|---|---|
| ਅ | ਆ | ਇ | ਈ | ਉ | ਊ | ਏ | ਐ | ਓ | ਔ | ਅੰ | ਆਂ | ਈਂ | ਏਂ | ਐਂ | ਓਂ | ਔਂ |
| ਸ | ਸਾ | ਸਿ | ਸੀ | ਸੁ | ਸੂ | ਸੇ | ਸੈ | ਸੋ | ਸੌ | ਸੰ | ਸਾਂ | ਸੀਂ | ਸੇਂ | ਸੈਂ | ਸੋਂ | ਸੌਂ |
| ਹ | ਹਾ | ਹਿ | ਹੀ | ਹੁ | ਹੂ | ਹੇ | ਹੈ | ਹੋ | ਹੌ | ਹੰ | ਹਾਂ | ਹੀਂ | ਹੇਂ | ਹੈਂ | ਹੋਂ | ਹੌਂ |
| ਕ | ਕਾ | ਕਿ | ਕੀ | ਕੁ | ਕੂ | ਕੇ | ਕੈ | ਕੋ | ਕੌ | ਕੰ | ਕਾਂ | ਕੀਂ | ਕੇਂ | ਕੈਂ | ਕੋਂ | ਕੌਂ |
| ਖ | ਖਾ | ਖਿ | ਖੀ | ਖੁ | ਖੂ | ਖੇ | ਖੈ | ਖੋ | ਖੌ | ਖੰ | ਖਾਂ | ਖੀਂ | ਖੇਂ | ਖੈਂ | ਖੋਂ | ਖੌਂ |
| ਗ | ਗਾ | ਗਿ | ਗੀ | ਗੁ | ਗੂ | ਗੇ | ਗੈ | ਗੋ | ਗੌ | ਗੰ | ਗਾਂ | ਗੀਂ | ਗੇਂ | ਗੈਂ | ਗੋਂ | ਗੌਂ |
| ਘ | ਘਾ | ਘਿ | ਘੀ | ਘੁ | ਘੂ | ਘੇ | ਘੈ | ਘੋ | ਘੌ | ਘੰ | ਘਾਂ | ਘੀਂ | ਘੇਂ | ਘੈਂ | ਘੋਂ | ਘੌਂ |
| ਙ | ਙਾ | ਙਿ | ਙੀ | ਙੁ | ਙੂ | ਙੇ | ਙੈ | ਙੋ | ਙੌ | ਙੰ | ਙਾਂ | ਙੀਂ | ਙੇਂ | ਙੈਂ | ਙੋਂ | ਙੌਂ |
| ਚ | ਚਾ | ਚਿ | ਚੀ | ਚੁ | ਚੂ | ਚੇ | ਚੈ | ਚੋ | ਚੌ | ਚੰ | ਚਾਂ | ਚੀਂ | ਚੇਂ | ਚੈਂ | ਚੋਂ | ਚੌਂ |
| ਛ | ਛਾ | ਛਿ | ਛੀ | ਛੁ | ਛੂ | ਛੇ | ਛੈ | ਛੋ | ਛੌ | ਛੰ | ਛਾਂ | ਛੀਂ | ਛੇਂ | ਛੈਂ | ਛੋਂ | ਛੌਂ |
| ਜ | ਜਾ | ਜਿ | ਜੀ | ਜੁ | ਜੂ | ਜੇ | ਜੈ | ਜੋ | ਜੌ | ਜੰ | ਜਾਂ | ਜੀਂ | ਜੇਂ | ਜੈਂ | ਜੋਂ | ਜੌਂ |
| ਝ | ਝਾ | ਝਿ | ਝੀ | ਝੁ | ਝੂ | ਝੇ | ਝੈ | ਝੋ | ਝੌ | ਝੰ | ਝਾਂ | ਝੀਂ | ਝੇਂ | ਝੈਂ | ਝੋਂ | ਝੌਂ |
| ਞ | ਞਾ | ਞਿ | ਞੀ | ਞੁ | ਞੂ | ਞੇ | ਞੈ | ਞੋ | ਞੌ | ਞੰ | ਞਾਂ | ਞੀਂ | ਞੇਂ | ਞੈਂ | ਞੋਂ | ਞੌਂ |
| ਟ | ਟਾ | ਟਿ | ਟੀ | ਟੁ | ਟੂ | ਟੇ | ਟੈ | ਟੋ | ਟੌ | ਟੰ | ਟਾਂ | ਟੀਂ | ਟੇਂ | ਟੈਂ | ਟੋਂ | ਟੌਂ |
| ਠ | ਠਾ | ਠਿ | ਠੀ | ਠੁ | ਠੂ | ਠੇ | ਠੈ | ਠੋ | ਠੌ | ਠੰ | ਠਾਂ | ਠੀਂ | ਠੇਂ | ਠੈਂ | ਠੋਂ | ਠੌਂ |
| ਡ | ਡਾ | ਡਿ | ਡੀ | ਡੁ | ਡੂ | ਡੇ | ਡੈ | ਡੋ | ਡੌ | ਡੰ | ਡਾਂ | ਡੀਂ | ਡੇਂ | ਡੈਂ | ਡੋਂ | ਡੌਂ |
| ਢ | ਢਾ | ਢਿ | ਢੀ | ਢੁ | ਢੂ | ਢੇ | ਢੈ | ਢੋ | ਢੌ | ਢੰ | ਢਾਂ | ਢੀਂ | ਢੇਂ | ਢੈਂ | ਢੋਂ | ਢੌਂ |
| ਣ | ਣਾ | ਣਿ | ਣੀ | ਣੁ | ਣੂ | ਣੇ | ਣੈ | ਣੋ | ਣੌ | ਣੰ | ਣਾਂ | ਣੀਂ | ਣੇਂ | ਣੈਂ | ਣੋਂ | ਣੌਂ |
| ਤ | ਤਾ | ਤਿ | ਤੀ | ਤੁ | ਤੂ | ਤੇ | ਤੈ | ਤੋ | ਤੌ | ਤੰ | ਤਾਂ | ਤੀਂ | ਤੇਂ | ਤੈਂ | ਤੋਂ | ਤੌਂ |
| ਥ | ਥਾ | ਥਿ | ਥੀ | ਥੁ | ਥੂ | ਥੇ | ਥੈ | ਥੋ | ਥੌ | ਥੰ | ਥਾਂ | ਥੀਂ | ਥੇਂ | ਥੈਂ | ਥੋਂ | ਥੌਂ |
| ਦ | ਦਾ | ਦਿ | ਦੀ | ਦੁ | ਦੂ | ਦੇ | ਦੈ | ਦੋ | ਦੌ | ਦੰ | ਦਾਂ | ਦੀਂ | ਦੇਂ | ਦੈਂ | ਦੋਂ | ਦੌਂ |
| ਧ | ਧਾ | ਧਿ | ਧੀ | ਧੁ | ਧੂ | ਧੇ | ਧੈ | ਧੋ | ਧੌ | ਧੰ | ਧਾਂ | ਧੀਂ | ਧੇਂ | ਧੈਂ | ਧੋਂ | ਧੌਂ |
| ਨ | ਨਾ | ਨਿ | ਨੀ | ਨੁ | ਨੂ | ਨੇ | ਨੈ | ਨੋ | ਨੌ | ਨੰ | ਨਾਂ | ਨੀਂ | ਨੇਂ | ਨੈਂ | ਨੋਂ | ਨੌਂ |
| ਪ | ਪਾ | ਪਿ | ਪੀ | ਪੁ | ਪੂ | ਪੇ | ਪੈ | ਪੋ | ਪੌ | ਪੰ | ਪਾਂ | ਪੀਂ | ਪੇਂ | ਪੈਂ | ਪੋਂ | ਪੌਂ |
| ਫ | ਫਾ | ਫਿ | ਫੀ | ਫੁ | ਫੂ | ਫੇ | ਫੈ | ਫੋ | ਫੌ | ਫੰ | ਫਾਂ | ਫੀਂ | ਫੇਂ | ਫੈਂ | ਫੋਂ | ਫੌਂ |
| ਬ | ਬਾ | ਬਿ | ਬੀ | ਬੁ | ਬੂ | ਬੇ | ਬੈ | ਬੋ | ਬੌ | ਬੰ | ਬਾਂ | ਬੀਂ | ਬੇਂ | ਬੈਂ | ਬੋਂ | ਬੌਂ |
| ਭ | ਭਾ | ਭਿ | ਭੀ | ਭੁ | ਭੂ | ਭੇ | ਭੈ | ਭੋ | ਭੌ | ਭੰ | ਭਾਂ | ਭੀਂ | ਭੇਂ | ਭੈਂ | ਭੋਂ | ਭੌਂ |
| ਮ | ਮਾ | ਮਿ | ਮੀ | ਮੁ | ਮੂ | ਮੇ | ਮੈ | ਮੋ | ਮੌ | ਮੰ | ਮਾਂ | ਮੀਂ | ਮੇਂ | ਮੈਂ | ਮੋਂ | ਮੌਂ |
| ਯ | ਯਾ | ਯਿ | ਯੀ | ਯੁ | ਯੂ | ਯੇ | ਯੈ | ਯੋ | ਯੌ | ਯੰ | ਯਾਂ | ਯੀਂ | ਯੇਂ | ਯੈਂ | ਯੋਂ | ਯੌਂ |
| ਰ | ਰਾ | ਰਿ | ਰੀ | ਰੁ | ਰੂ | ਰੇ | ਰੈ | ਰੋ | ਰੌ | ਰੰ | ਰਾਂ | ਰੀਂ | ਰੇਂ | ਰੈਂ | ਰੋਂ | ਰੌਂ |
| ਲ | ਲਾ | ਲਿ | ਲੀ | ਲੁ | ਲੂ | ਲੇ | ਲੈ | ਲੋ | ਲੌ | ਲੰ | ਲਾਂ | ਲੀਂ | ਲੇਂ | ਲੈਂ | ਲੋਂ | ਲੌਂ |
| ਵ | ਵਾ | ਵਿ | ਵੀ | ਵੁ | ਵੂ | ਵੇ | ਵੈ | ਵੋ | ਵੌ | ਵੰ | ਵਾਂ | ਵੀਂ | ਵੇਂ | ਵੈਂ | ਵੋਂ | ਵੌਂ |
| ੜ | ੜਾ | ੜਿ | ੜੀ | ੜੁ | ੜੂ | ੜੇ | ੜੈ | ੜੋ | ੜੌ | ੜੰ | ੜਾਂ | ੜੀਂ | ੜੇਂ | ੜੈਂ | ੜੋਂ | ੜੌਂ |



Scanned by CamScanner

# ਗੁਰਮੁਖੀ ਅੰਕ – Gurmukhee Numerals

੦ – ਸਿਫਰ ਜਾਂ ਬਿੰਦੀ

| | | | | |
|---|---|---|---|---|
| 1<br>੧<br>ਇੱਕ | 2<br>੨<br>ਦੋ | 3<br>੩<br>ਤਿੰਨ | 4<br>੪<br>ਚਾਰ | 5<br>੫<br>ਪੰਜ |
| 6<br>੬<br>ਛੇ | 7<br>੭<br>ਸੱਤ | 8<br>੮<br>ਅੱਠ | 9<br>੯<br>ਨੌਂ | 10<br>੧੦<br>ਦਸ |
| 11<br>੧੧<br>ਗਿਆਰ੍ਹਾਂ | 12<br>੧੨<br>ਬਾਰ੍ਹਾਂ | 13<br>੧੩<br>ਤੇਰ੍ਹਾਂ | 14<br>੧੪<br>ਚੌਦ੍ਹਾਂ | 15<br>੧੫<br>ਪੰਦਰ੍ਹਾਂ |
| 16<br>੧੬<br>ਸੋਲ੍ਹਾਂ | 17<br>੧੭<br>ਸਤਾਰ੍ਹਾਂ | 18<br>੧੮<br>ਅਠਾਰ੍ਹਾਂ | 19<br>੧੯<br>ਉੱਨੀ | 20<br>੨੦<br>ਵੀਹ |
| 21<br>੨੧<br>ਇੱਕੀ | 22<br>੨੨<br>ਬਾਈ | 23<br>੨੩<br>ਤੇਈ | 24<br>੨੪<br>ਚੌਵੀ | 25<br>੨੫<br>ਪੰਝੀ |
| 26<br>੨੬<br>ਛੱਬੀ | 27<br>੨੭<br>ਸਤਾਈ | 28<br>੨੮<br>ਅਠਾਈ | 29<br>੨੯<br>ਉਨੱਤੀ | 30<br>੩੦<br>ਤੀਹ |
| 31<br>੩੧<br>ਇੱਕਤੀ | 32<br>੩੨<br>ਬੱਤੀ | 33<br>੩੩<br>ਤੇਤੀ | 34<br>੩੪<br>ਚੌਂਤੀ | 35<br>੩੫<br>ਪੈਂਤੀ |
| 36<br>੩੬<br>ਛੱਤੀ | 37<br>੩੭<br>ਸੈਂਤੀ | 38<br>੩੮<br>ਅਠੱਤੀ | 39<br>੩੯<br>ਉਨਤਾਲੀ | 40<br>੪੦<br>ਚਾਲੀ |
| 41<br>੪੧<br>ਇਕਤਾਲੀ | 42<br>੪੨<br>ਬਿਤਾਲੀ | 43<br>੪੩<br>ਤ੍ਰਿਤਾਲੀ | 44<br>੪੪<br>ਚੁਤਾਲੀ | 45<br>੪੫<br>ਪੰਜਤਾਲੀ |
| 46<br>੪੬<br>ਛਿਤਾਲੀ | 47<br>੪੭<br>ਸੰਤਾਲੀ | 48<br>੪੮<br>ਅਠਤਾਲੀ | 49<br>੪੯<br>ਉਣੰਜਾ ਜਾਂ ਉਨੰਜਾ | 50<br>੫੦<br>ਪੰਜਾਹ |



Scanned by CamScanner

# ਗੁਰਮੁਖੀ ਅੰਕ – Gurmukhee Numerals

| | | | | |
|---|---|---|---|---|
| 51<br>੫੧<br>ਇਕਵੰਜਾ | 52<br>੫੨<br>ਬਵੰਜਾ | 53<br>੫੩<br>ਤ੍ਰਿਵੰਜਾ | 54<br>੫੪<br>ਚੁਰੰਜਾ | 55<br>੫੫<br>ਪਚਵੰਜਾ |
| 56<br>੫੬<br>ਛਪੰਜਾ | 57<br>੫੭<br>ਸੱਤਵੰਜਾ | 58<br>੫੮<br>ਅੱਠਵੰਜਾ | 59<br>੫੯<br>ਉਣਾਹਠ | 60<br>੬੦<br>ਸੱਠ |
| 61<br>੬੧<br>ਇਕਾਹਠ | 62<br>੬੨<br>ਬਾਹਠ | 63<br>੬੩<br>ਤ੍ਰੇਂਹਠ | 64<br>੬੪<br>ਚੌਂਹਠ | 65<br>੬੫<br>ਪੈਂਹਠ |
| 66<br>੬੬<br>ਛਿਆਹਠ | 67<br>੬੭<br>ਸਤਾਹਠ | 68<br>੬੮<br>ਅਠਾਹਠ | 69<br>੬੯<br>ਉਨੱਤਰ | 70<br>੭੦<br>ਸੱਤਰ |
| 71<br>੭੧<br>ਇਕਹੱਤਰ | 72<br>੭੨<br>ਬਹੱਤਰ | 73<br>੭੩<br>ਤਿਹੱਤਰ | 74<br>੭੪<br>ਚੌਹੱਤਰ | 75<br>੭੫<br>ਪੰਜੱਤਰ |
| 76<br>੭੬<br>ਛਿਹੱਤਰ | 77<br>੭੭<br>ਸਤੁੱਤਰ | 78<br>੭੮<br>ਅਠੁੱਤਰ | 79<br>੭੯<br>ਉਨਾਸੀ | 80<br>੮੦<br>ਅੱਸੀ |
| 81<br>੮੧<br>ਇਕਾਸੀ | 82<br>੮੨<br>ਬਿਆਸੀ | 83<br>੮੩<br>ਤ੍ਰਿਆਸੀ | 84<br>੮੪<br>ਚੁਰਾਸੀ | 85<br>੮੫<br>ਪੰਜਾਸੀ |
| 86<br>੮੬<br>ਛਿਆਸੀ | 87<br>੮੭<br>ਸਤਾਸੀ | 88<br>੮੮<br>ਅਠਾਸੀ | 89<br>੮੯<br>ਉਣਾਨਵੇਂ | 90<br>੯੦<br>ਨੱਬੇ |
| 91<br>੯੧<br>ਇਕਾਨਵੇਂ | 92<br>੯੨<br>ਬਾਨਵੇਂ | 93<br>੯੩<br>ਤ੍ਰਿਆਨਵੇਂ | 94<br>੯੪<br>ਚੁਰਾਨਵੇਂ | 95<br>੯੫<br>ਪਚਾਨਵੇਂ |
| 96<br>੯੬<br>ਛਿਆਨਵੇਂ | 97<br>੯੭<br>ਸਤਾਨਵੇਂ | 98<br>੯੮<br>ਅਠਾਨਵੇਂ | 99<br>੯੯<br>ਨੜਿਨਵੇਂ | 100<br>੧੦੦<br>ਸੌ |



Scanned by CamScanner

# ਵਰਣਮਾਲਾ

| | | | | |
|---|---|---|---|---|
| ੳ | ਅ | ੲ | ਸ | ਹ |
| ਕ | ਖ | ਗ | ਘ | ਙ |
| ਚ | ਛ | ਜ | ਝ | ਞ |
| ਟ | ਠ | ਡ | ਢ | ਣ |
| ਤ | ਥ | ਦ | ਧ | ਨ |
| ਪ | ਫ | ਬ | ਭ | ਮ |
| ਯ | ਰ | ਲ | ਵ | ੜ |

**ਪ੍ਰਸ਼ਨ ੧** – ਗੁਰਮੁਖੀ ਲਿੱਪੀ ਦੇ ਕਿੰਨੇ ਅੱਖਰ ਹਨ?

**ਉੱਤਰ** – **੩੫** (ਪੈਂਤੀ) ਅੱਖਰ।

**ਪ੍ਰਸ਼ਨ ੨** – ਸ੍ਵਰ ਦਾ ਕੀ ਅਰਥ ਹੈ?

**ਉੱਤਰ** – ਸਵਾਰੀ।

**ਪ੍ਰਸ਼ਨ ੩** – ਸ੍ਵਰ (vowels) ਅੱਖਰ ਕਿਸਨੂੰ ਕਹਿੰਦੇ ਹਨ?

**ਉੱਤਰ** – ਜਿਨ੍ਹਾਂ ਅੱਖਰਾਂ 'ਤੇ ਲਗਾਂ ਸਵਾਰੀ ਕਰਨ ਉਨ੍ਹਾਂ ਅੱਖਰਾਂ ਨੂੰ ਸ੍ਵਰ (vowels) ਅੱਖਰ ਕਹਿੰਦੇ ਹਨ।

**ਪ੍ਰਸ਼ਨ ੪** – ਗੁਰਮੁਖੀ ਲਿੱਪੀ ਦੇ ਕਿੰਨੇ ਅੱਖਰ ਸ੍ਵਰ ਹਨ?

**ਉੱਤਰ** – ਤਿੰਨ ਅੱਖਰ **ੳ, ਅ,** ਅਤੇ **ੲ**। ਬਾਕੀ ਦੇ **੩੨** (ਬੱਤੀ) ਅੱਖਰ ਵਿਅੰਜਨ (Consonants) ਹਨ



Scanned by CamScanner

ਪ੍ਰਸ਼ਨ ੫ – ਗੁਰਮੁਖੀ ਲਿੱਪੀ ਦੀਆਂ ਮੁੱਖ ਧੁਨੀਆਂ ਬਾਰੇ ਦੱਸੋ?

ਉੱਤਰ – ਕ ਖ ਗ ਘ ਙ – ਕੰਠੀ ਧੁਨੀਆਂ।

ਚ ਛ ਜ ਝ ਞ – ਤਾਲ਼ਵੀ ਧੁਨੀਆਂ

ਟ ਠ ਡ ਢ ਣ – ਉਲਟ ਜੀਭੀ ਧੁਨੀਆਂ।

ਤ ਥ ਦ ਧ ਨ – ਦੰਤੀ ਧੁਨੀਆਂ

ਪ ਫ ਬ ਭ ਮ – ਦੋ ਹੋਠੀ ਧੁਨੀਆਂ।

ਪ੍ਰਸ਼ਨ ੬ – ਵਿਅੰਜਨ ਅੱਖਰਾਂ ਦਾ ਉਚਾਰਨ ਦੱਸੋ?

ਉੱਤਰ – ਕ – ਕਵਰਗ ਵਿੱਚ ਹਵਾ ਕੰਠ 'ਤੇ ਰੁਕਦੀ ਹੈ।

ਚ – ਚਵਰਗ ਵਿੱਚ ਜੀਭ ਤਾਲ਼ੂ ਨਾਲ ਲਗਦੀ ਹੈ ਅਤੇ ਹਵਾ ਤਾਲ਼ੂ 'ਤੇ ਥੋੜਾ ਰੁਕਦੀ ਹੈ।

ਟ – ਟਵਰਗ ਵਿੱਚ ਜੀਭ ਦਾ ਅਗਲਾ ਹਿੱਸਾ ਪਿੱਛੇ ਨੂੰ ਉਲਟ ਜਾਂਦਾ ਹੈ।

ਤ – ਤਵਰਗ ਵਿੱਚ ਜੀਭ ਦੰਦਾਂ ਨੂੰ ਲੱਗਦੀ ਹੈ ਅਤੇ ਹਵਾ ਜੀਭ ਤੇ ਦੰਦਾਂ ਵਿੱਚ ਥੋੜਾ ਰੁਕਦੀ ਹੈ।

ਪ – ਪਵਰਗ ਵਿੱਚ ਦੋਨੋਂ ਹੋਠ (ਬੁੱਲ) ਜੁੜਦੇ ਹਨ ਤੇ ਹਵਾ ਬੁੱਲਾਂ 'ਤੇ ਰੁਕਦੀ ਹੈ।

ਯ – ਅੰਤਮ ਵਰਗ ਹੈ।

ਸ਼ – ਨਵੀਨ ਵਰਗ ਹੈ।

ਪ੍ਰਸ਼ਨ ੭ – 'ਸ' ਅਤੇ 'ਯ' ਅੱਖਰ ਦਾ ਉਚਾਰਨ ਕਿਵੇਂ ਹੁੰਦਾ ਹੈ?

ਉੱਤਰ – 'ਸ' ਦਾ ਉਚਾਰਨ ਦੰਦਾਂ ਤੋਂ ਅਤੇ 'ਯ' ਦਾ ਉਚਾਰਨ ਤਾਲ਼ੂ ਤੋਂ ਹੁੰਦਾ ਹੈ।

ਪ੍ਰਸ਼ਨ ੮ – 'ਰ','ਲ' ਅਤੇ 'ਲ.' ਅੱਖਰ ਦਾ ਉਚਾਰਨ ਕਿਵੇਂ ਹੁੰਦਾ ਹੈ?

ਉੱਤਰ – 'ਰ' ਅੱਖਰ ਟਰਿੱਲ ਫ਼ਲੈਪ ਹੈ। 'ਰ' ਅਤੇ 'ਲ' ਅੱਖਰ ਦਾ ਉਚਾਰਨ ਉਪਰਲੇ ਬੁੱਟ ਤੋਂ ਹੁੰਦਾ ਹੈ। 'ਲ.' ਦਾ ਉਚਾਰਨ ਤਾਲ਼ੂ ਤੋਂ ਹੁੰਦਾ ਹੈ।

ਪ੍ਰਸ਼ਨ ੯ – 'ਵ' ਅੱਖਰ ਦਾ ਉਚਾਰਨ ਕਿਵੇਂ ਹੁੰਦਾ ਹੈ?

ਉੱਤਰ – 'ਵ' ਅੱਖਰ ਦਾ ਉਚਾਰਨ ਹੇਠਲੇ ਬੁੱਲ ਤੇ ਉਪਰਲੇ ਦੰਦਾਂ ਨਾਲ ਹੁੰਦਾ ਹੈ।

ਪ੍ਰਸ਼ਨ ੧੦ – 'ੜ' ਅੱਖਰ ਦਾ ਉਚਾਰਨ ਕਿਵੇਂ ਹੁੰਦਾ ਹੈ?

ਉੱਤਰ – 'ੜ' ਅੱਖਰ ਦਾ ਉਚਾਰਨ ਜੀਭ ਉਲਟਾਉਣ ਨਾਲ ਹੁੰਦਾ ਹੈ।



Scanned by CamScanner

**ਪ੍ਰਸ਼ਨ ੧੧ – ਸੁਰ ਧੁਨੀਆਂ ਕਿਹੜੀਆਂ ਹਨ?**

**ਉੱਤਰ –** ਜੋ ਵੀ ਧੁਨੀਆਂ ਬਿਨ੍ਹਾਂ ਕਿਸੇ ਰੋਕ ਫੇਫੜਿਆਂ ਤੋਂ ਹੋ ਕੇ ਮੂੰਹ ਤੋਂ ਬਾਹਰ ਆਉਂਦੀਆਂ ਹਨ, ਉਹ ਸੁਰ ਧੁਨੀਆਂ ਹਨ। ਇਸ ਤੋਂ ਉਲਟ ਉਹ ਧੁਨੀਆਂ ਜੋ ਰੁਕਾਵਟ ਨਾਲ ਮੂੰਹ ਤੋਂ ਬਾਹਰ ਆਉਣ, ਉਹ ਵਿਅੰਜਨ (consonants) ਹਨ। ਜੀਭ ਦੀ ਇਸ ਵਿਚ ਵਿਸ਼ੇਸ਼ ਭੂਮਿਕਾ ਹੈ।
ਸੁਰ ਧੁਨੀਆਂ ੧੦ (ਦਸ) ਹਨ:- ਅ ਆ ਇ ਈ ਉ ਊ ਏ ਐ ਓ ਔ

**ਪ੍ਰਸ਼ਨ ੧੨** – ਗੁਰਮੁਖੀ ਲਿੱਪੀ ਦੇ ਕਿੰਨੇ ਅਤੇ ਕਿਹੜੇ-ਕਿਹੜੇ ਅੱਖਰ ਨਾਸਕੀ ਹਨ?

**ਉੱਤਰ –** **ਪੰਜ ਅੱਖਰ** (੧) ਙ (੨) ਞ (੩) ਣ (੪) ਨ (੫) ਮ ।

**ਪ੍ਰਸ਼ਨ ੧੩** – ਪੁਲਿੰਗ ਅਤੇ ਇਸਤਰੀ ਲਿੰਗ ਕਿਸਨੂੰ ਕਹਿੰਦੇ ਹਨ?

**ਉੱਤਰ –** ਸ਼ਬਦਾਂ ਵਿੱਚ ਮਰਦਾਨਾ (Male) ਅਤੇ ਜ਼ਨਾਨਾ (Female) ਦੇ ਫ਼ਰਕ ਨੂੰ ਪੁਲਿੰਗ ਅਤੇ ਇਸਤਰੀ ਲਿੰਗ ਆਖਦੇ ਹਨ। ਇਸੇ ਤਰ੍ਹਾਂ ਅੱਖਰਾਂ ਦੇ ਅਜਿਹੇ ਫ਼ਰਕ ਨੂੰ ਵੀ ਪੁਲਿੰਗ ਅਤੇ ਇਸਤਰੀ ਲਿੰਗ ਆਖਦੇ ਹਨ।

**ਪ੍ਰਸ਼ਨ ੧੪** – ਗੁਰਮੁਖੀ ਲਿੱਪੀ ਦੇ ਕਿੰਨੇ ਅੱਖਰ ਪੁਲਿੰਗ ਅਤੇ ਇਸਤਰੀ ਲਿੰਗ ਹਨ?

**ਉੱਤਰ –** ਗੁਰਮੁਖੀ ਲਿੱਪੀ ਦੇ ੩੫ (ਪੈਂਤੀ) ਅੱਖਰਾਂ ਵਿੱਚੋਂ ਸਿਰਫ਼ ਇੱਕ ਅੱਖਰ 'ੲ' ਹੀ ਇਸਤਰੀ ਲਿੰਗ ਹੈ, ਬਾਕੀ ੩੪ ਅੱਖਰ ਪੁਲਿੰਗ ਹਨ।

**ਪ੍ਰਸ਼ਨ ੧੫** – ਮਾਤਰਾ ਕਿਸ ਨੂੰ ਕਹਿੰਦੇ ਹਨ?

**ਉੱਤਰ –** ਕਿਸੇ ਲਗ ਨੂੰ ਉਚਾਰਨ 'ਤੇ ਜੋ ਸਮਾਂ ਲੱਗਦਾ ਹੈ, ਉਸ ਸਮੇਂ ਨੂੰ ਵੀ ਮਾਤਰਾ ਕਹਿੰਦੇ ਹਨ

**ਪ੍ਰਸ਼ਨ ੧੬** – ਲਗਾਂ ਕਿੰਨੀ ਕਿਸਮ ਦੀਆਂ ਹਨ?

**ਉੱਤਰ –** ਲਗਾਂ ਦੋ ਕਿਸਮ ਦੀਆਂ ਹਨ, ਵੱਡੀਆਂ ਅਤੇ ਛੋਟੀਆਂ। ਜਿਨ੍ਹਾਂ ਲਗਾਂ ਦੀ ਮਾਤਰਾ ਭਾਵ ਉਚਾਰਨ ਦਾ ਸਮਾਂ ਵੱਧ ਹੋਵੇ ਉਹ ਵੱਡੀਆਂ ਹੁੰਦੀਆਂ ਹਨ ਅਤੇ ਜਿਨ੍ਹਾਂ ਲਗਾਂ ਦੀ ਮਾਤਰਾ ਭਾਵ ਉਚਾਰਨ ਦਾ ਸਮਾਂ ਘੱਟ ਹੋਵੇ ਉਹ ਛੋਟੀਆਂ ਹੁੰਦੀਆਂ ਹਨ

**ਪ੍ਰਸ਼ਨ ੧੭** – ਗੁਰਮੁਖੀ ਲਿੱਪੀ ਦੀਆਂ **ਕਿੰਨੀਆਂ ਲਗਾਂ ਹਨ?**

**ਉੱਤਰ –** ਦਸ ਲਗਾਂ :- ੧. ਮੁਕਤਾ (...) ੨. ਕੰਨਾ (ਾ) ੩. ਸਿਹਾਰੀ (ਿ) ੪. ਬਿਹਾਰੀ (ੀ) ੫. ਔਂਕੜ (ੁ) ੬. ਦੁਲੈਂਕੜ (ੂ) ੭. ਲਾਂ (ੇ) ੮. ਦੁਲਾਵਾਂ (ੈ) ੯. ਹੋੜਾ (ੋ) ੧੦. ਕਨੌੜਾ (ੌ) ।

**ਪ੍ਰਸ਼ਨ ੧੮ – ਛੋਟੀਆਂ (ਲਘੂ ਜਾਂ ਹ੍ਰਸਵ) ਲਗਾਂ ਕਿੰਨੀਆਂ ਹਨ?**

**ਉੱਤਰ – ਤਿੰਨ ਲਗਾਂ ੧. ਮੁਕਤਾ (.....) ੨. ਸਿਹਾਰੀ (ਿ) ੩. ਔਂਕੜ (ੁ) ।**



Scanned by CamScanner

ਪ੍ਰਸ਼ਨ ੧੯ – ਵੱਡੀਆਂ (ਦੀਰਘ ਜਾਂ ਗੁਰੂ) ਲਗਾਂ ਕਿੰਨੀਆਂ ਹਨ?

ਉੱਤਰ – ਸੱਤ ਲਗਾਂ ੧. ਕੰਨਾ (ਾ) ੨. ਬਿਹਾਰੀ (ੀ) ੩. ਦੁਲੈਂਕੜ ( ੂ ) ੪. ਲਾਂ ( ੇ ) ੫. ਦੁਲਾਵਾਂ ( ੈ ) ੬. ਹੋੜਾ ( ੋ ) ੭. ਕਨੌੜਾ ( ੌ )।

ਪ੍ਰਸ਼ਨ ੨੦ – 'ੳ' ਅੱਖਰ ਨੂੰ ਲੱਗਣ ਵਾਲ਼ੀਆਂ ਲਗਾਂ ਕਿਹੜੀਆਂ ਹਨ?

ਉੱਤਰ – ਔਂਕੜ (ਉ), ਦੁਲੈਂਕੜ (ਊ), ਹੋੜਾ (ਓ)।

ਪ੍ਰਸ਼ਨ ੨੧ – 'ਅ' ਅੱਖਰ ਨੂੰ ਕਿਹੜੀਆਂ ਲਗਾਂ ਲੱਗਦੀਆਂ ਹਨ?

ਉੱਤਰ – ਮੁਕਤਾ (ਅ), ਕੰਨਾ (ਆ), ਦੁਲਾਵਾਂ (ਐ) ਅਤੇ ਕਨੌੜਾ (ਔ)।

ਪ੍ਰਸ਼ਨ ੨੨ – 'ੲ' ਅੱਖਰ ਨੂੰ ਕਿਹੜੀਆਂ ਲਗਾਂ ਲੱਗਦੀਆਂ ਹਨ?

ਉੱਤਰ – ਸਿਹਾਰੀ (ਇ), ਬਿਹਾਰੀ (ਈ), ਅਤੇ ਲਾਂ (ਏ)।

ਪ੍ਰਸ਼ਨ ੨੩ – ਲਗਾਖਰ (ਲਗਾਂ+ਅੱਖਰ) ਕਿੰਨੇ ਹਨ?

ਉੱਤਰ – ਲਗਾਖਰ ਤਿੰਨ ਹਨ – ਟਿੱਪੀ ( ੰ ), ਅੱਧਕ ( ੱ ), ਬਿੰਦੀ ( ਂ )।

ਪ੍ਰਸ਼ਨ ੨੪ – ਲਗਾਖਰ ਕਿਸਨੂੰ ਕਹਿੰਦੇ ਹਨ?

ਉੱਤਰ – ਜਿਨ੍ਹਾਂ ਅੱਖਰਾਂ ਦੀ ਵਰਤੋਂ ਲਗਾਂ ਨਾਲ ਹੋਵੇ, ਉਨ੍ਹਾਂ ਅੱਖਰਾਂ ਨੂੰ ਲਗਾਖਰ (ਲਗਾਂ+ਅੱਖਰ) ਕਹਿੰਦੇ ਹਨ।

ਪ੍ਰਸ਼ਨ ੨੫ – ਬਿੰਦੀ ਦੀ ਵਰਤੋਂ ਕਿਹੜੀਆਂ ਲਗਾਂ ਨਾਲ ਹੁੰਦੀ ਹੈ?

ਉੱਤਰ – ਸੱਜੇ ਪਾਸੇ ਲੱਗਣ ਵਾਲ਼ੀਆਂ ਲਗਾਂ ਨਾਲ ਬਿੰਦੀ ਦੀ ਵਰਤੋਂ ਹੁੰਦੀ ਹੈ। ਜਿਵੇਂ ਕਿ–ਕੰਨਾ (ਸਾਂ), ਬਿਹਾਰੀ (ਸੀਂ), ਲਾਂ (ਸੇਂ), ਦੁਲਾਵਾਂ (ਸੈਂ), ਹੋੜਾ (ਸੋਂ), ਕਨੌੜਾ (ਸੌਂ)।

ਪ੍ਰਸ਼ਨ ੨੬ – ਟਿੱਪੀ ਦੀ ਵਰਤੋਂ ਕਿਹੜੀਆਂ ਲਗਾਂ ਨਾਲ ਹੁੰਦੀ ਹੈ?

ਉੱਤਰ – ਮੁਕਤਾ (ਸੰ), ਸਿਹਾਰੀ (ਸਿੰ), ਔਂਕੜ (ਸੁੰ) ਅਤੇ ਦੁਲੈਂਕੜ (ਸੂੰ)।

ਪ੍ਰਸ਼ਨ ੨੭ – ਬਿੰਦੀ ਅਤੇ ਟਿੱਪੀ ਦੀ ਵਰਤੋਂ ਕਿਉਂ ਕੀਤੀ ਜਾਂਦੀ ਹੈ?

ਉੱਤਰ – ਨਾਸਕੀ ਉਚਾਰਨ ਲਈ।

ਪ੍ਰਸ਼ਨ ੨੮ – **'ਟਿੱਪੀ'** ਕਿਹੜੇ ਕਿਹੜੇ ਅੱਖਰ ਦੀ ਥੋੜੀ ਜਿਹੀ ਆਵਾਜ਼ ਦਿੰਦੀ ਹੈ?

ਉੱਤਰ – ਟਿੱਪੀ ਤੋਂ ਅਗਲਾ ਅੱਖਰ ਵਰਨਮਾਲ਼ਾ ਦੀ ਜਿਸ ਪੰਕਤੀ ਵਿੱਚ ਦਰਜ਼ ਹੈ, ਟਿੱਪੀ ਉਸ ਪੰਕਤੀ ਦੇ ਅਖ਼ੀਰਲੇ ਅੱਖਰ ਦੀ ਆਵਾਜ਼ ਦੇਵੇਗੀ ਜਿਵੇਂ ਕਿ–

ਕ ਖ ਗ ਘ **ਙ** – ਜੰਗ, ਖੰਗ, ਆਦਿ ਵਿੱਚ ਟਿੱਪੀ ਥੋੜੀ ਜਿਹੀ **'ਙ'** ਅੱਖਰ ਦੀ ਆਵਾਜ਼ ਦਿੰਦੀ ਹੈ।

**ਚ ਛ ਜ ਝ ਞ – ਜੰਝ, ਮੰਚ, ਆਦਿ ਵਿੱਚ ਟਿੱਪੀ ਥੋੜੀ ਜਿਹੀ 'ਞ' ਅੱਖਰ ਦੀ ਆਵਾਜ਼ ਦਿੰਦੀ ਹੈ।**

**ਟ ਠ ਡ ਢ ਣ – ਕੰਠ, ਠੰਡ, ਆਦਿ ਵਿੱਚ ਟਿੱਪੀ ਥੋੜੀ ਜਿਹੀ 'ਣ' ਅੱਖਰ ਦੀ ਆਵਾਜ਼ ਦਿੰਦੀ ਹੈ।**



Scanned by CamScanner

ਤ ਥ ਦ ਧ ਨ - ਕੰਧ, ਮੰਦਾ, ਆਦਿ ਵਿੱਚ ਟਿੱਪੀ ਥੋੜੀ ਜਿਹੀ 'ਨ' ਅੱਖਰ ਦੀ ਆਵਾਜ਼ ਦਿੰਦੀ ਹੈ।

ਪ ਫ ਬ ਭ ਮ - ਖੰਭ, ਰੰਬਾ, ਆਦਿ ਵਿੱਚ ਟਿੱਪੀ ਥੋੜੀ ਜਿਹੀ 'ਮ' ਅੱਖਰ ਦੀ ਆਵਾਜ਼ ਦਿੰਦੀ ਹੈ।

**ਪ੍ਰਸ਼ਨ ੨੯** - ਅੱਧਕ ਦੀ ਵਰਤੋਂ ਕਿਉਂ ਕੀਤੀ ਜਾਂਦੀ ਹੈ?

**ਉੱਤਰ** - ਅੱਧਕ, ਅੱਖਰ ਦੀ ਦੂਹਰੀ ਆਵਾਜ਼ ਪ੍ਰਗਟ ਕਰਨ ਲਈ ਵਰਤਿਆ ਜਾਂਦਾ ਹੈ। ਅੱਧਕ ਆਪਣੇ ਤੋਂ ਅਗਲੇ ਅੱਖਰ ਦੀ ਆਵਾਜ਼ ਦਿੰਦਾ ਹੈ ਜਿਵੇਂ ਕਿ ਪੱਤਾ, ਟੱਕਰ, ਬੱਚਾ ਆਦਿ ਸ਼ਬਦਾਂ ਵਿੱਚ 'ਅੱਧਕ' ਤ, ਕ, ਅਤੇ ਚ ਦੀ ਆਵਾਜ਼ ਵੀ ਦੇ ਰਿਹਾ ਹੈ।

**ਪ੍ਰਸ਼ਨ ੩੦** - ਅੱਧਕ ਦੀ ਵਰਤੋਂ ਕਿਹੜੀਆਂ ਲਗਾਂ ਨਾਲ ਹੁੰਦੀ ਹੈ?

**ਉੱਤਰ** - ਅੱਧਕ ਹਮੇਸ਼ਾਂ ਛੋਟੀਆਂ ਲਗਾਂ ਮੁਕਤਾ (ਸੱ), ਸਿਹਾਰੀ (ਸਿੱ), ਔਂਕੜ (ਸੁੱ) ਨਾਲ ਲੱਗਦਾ ਹੈ। ਪਰ ਅੰਗ੍ਰੇਜ਼ੀ ਦੇ ਸ਼ਬਦਾਂ ਵਿੱਚ ਅੱਧਕ ਦੀ ਵਰਤੋਂ ਦੁਲਾਵਾਂ ਨਾਲ ਵੀ ਹੁੰਦੀ ਹੈ, ਜਿਵੇਂ ਕਿ-ਪੈੱਨ (Pen), ਗੈੱਟ (Get)ਆਦਿ

**ਪ੍ਰਸ਼ਨ ੩੧** - ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਿਸ ਲਗਾਖਰ ਦੀ ਵਰਤੋਂ ਨਹੀਂ ਕੀਤੀ ਹੈ?

**ਉੱਤਰ** - ਅੱਧਕ ( ੱ ) ਲਗਾਖਰ ਦੀ।

**ਪ੍ਰਸ਼ਨ ੩੨** - ਕਿਸੇ ਭਾਸ਼ਾ ਦਾ ਵਿਕਾਸ ਕਿਵੇਂ ਹੁੰਦਾ ਹੈ?

**ਉੱਤਰ** - ਭਾਸ਼ਾ ਹਮੇਸ਼ਾਂ ਹੀ ਪਹਿਲਾਂ ਬੋਲਣ ਵਿੱਚ ਆਉਂਦੀ ਹੈ। ਫਿਰ ਹੌਲੀ-ਹੌਲੀ ਲਿਖਤੀ ਰੂਪ ਵਿੱਚ ਆਉਣ ਕਰਕੇ ਭਾਸ਼ਾ ਵਿੱਚ ਹੋਰ ਨਵੇਂ ਅੱਖਰ ਜੁੜਦੇ ਹਨ।

**ਪ੍ਰਸ਼ਨ ੩੩** - ਗੁਰਮੁਖੀ ਲਿੱਪੀ ਦੇ '੩੫' ਅੱਖਰਾਂ ਦੇ ਨਾਲ ਹੋਰ ਕਿਹੜੇ ਅੱਖਰ ਜੋੜੇ ਗਏ?

**ਉੱਤਰ** - **ਸ਼, ਖ਼, ਗ਼, ਜ਼, ਅਤੇ ਫ਼**। ਇਹ ਅੱਖਰ ਗੁਰਮੁਖੀ ਲਿੱਪੀ ਦੇ ਨਹੀਂ ਅਰਬੀ ਫ਼ਾਰਸੀ ਤੋਂ ਆਏ ਹਨ। ਕਿਉਂ ਕਿ ਫ਼ਾਰਸੀ ਵਿੱਚ ਬਿੰਦੀ ਦੀ ਵਰਤੋਂ ਜ਼ਿਆਦਾ ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਿਸੇ ਵੀ ਅੱਖਰ ਦੇ ਪੈਰ ਵਿੱਚ ਬਿੰਦੀ ਦੀ ਵਰਤੋਂ ਨਹੀਂ ਕੀਤੀ ਗਈ ਹੈ। ਪਰ ਅਸੀਂ ਉਚਾਰਨ ਕਰਨੀ ਹੈ ਜਿਵੇਂ ਕਿ-

| ਪੰਜਾਬੀ | ਅਰਬੀ ਅਤੇ ਫ਼ਾਰਸੀ |
|---|---|
| ਜਨ-ਸੇਵਕ ਜਾਂ ਦਾਸ | ਜ਼ਨ-ਇਸਤਰੀ ਜਾਂ ਔਰਤ (ਫ਼ਾ) (ਜ਼=z) |
| ਜੋਰ-ਜੋੜ | ਜ਼ੋਰ-ਤਾਕਤ (ਫ਼ਾ) |
| ਸਜਾ-ਸਜਾਉਣਾ (ਸ਼ਿੰਗਾਰ) | ਸਜ਼ਾ-ਦੰਡ (ਫ਼ਾ) |
| ਸੇਰ-ਤੋਲ ਦੀ ਕਿਸਮ | ਸ਼ੇਰ-ਸਿੰਘ (ਫ਼ਾ) |
| ਖੁਸ-ਗੁੰਮ ਜਾਂ ਗੁਆਚ | ਖ਼ੁਸ਼-ਪ੍ਰਸੰਨ, ਆਨੰਦ (ਫ਼ਾ) |
| ਗਾਹਕ-ਖਰੀਦਾਰ, ਲੈਣ ਵਾਲ਼ਾ | ਗ਼ਰੀਬ-ਨਿਰਧਨ, ਕੰਗਾਲ, ਦੀਨ (ਅ) |
| ਫੱਟੜ-ਜ਼ਖਮੀ, ਘਾਇਲ | ਫ਼ਰਾਰ-ਭੱਜਿਆ ਹੋਇਆ (ਅ) |



Scanned by CamScanner

ਪ੍ਰਸ਼ਨ ੩੪–ਗੁਰਮੁਖੀ ਲਿੱਪੀ ਦੇ ਕਿਸ ਅੱਖਰ ਦੇ ਪੈਰ ਹੇਠ ਬਿੰਦੀ ਲਗਾਈ ਜਾ ਰਹੀ ਹੈ?
ਉੱਤਰ – 'ਲ਼' ਅੱਖਰ ਦੇ। 'ਲ' ਅਤੇ 'ਲ਼' ਦੇ ਉਚਾਰਨ ਅਤੇ ਅਰਥਾਂ ਵਿੱਚ ਵੀ ਫ਼ਰਕ ਹੈ, ਜਿਵੇਂ–

| | | |
|---|---|---|
| ਬੋਲੀ–ਭਾਸ਼ਾ | = | ਬੋਲ਼ੀ– ਜਿਸਨੂੰ ਕੰਨਾਂ ਤੋਂ ਨਹੀਂ ਸੁਣਦਾ। |
| ਵਾਲੀ–ਮਾਲਿਕ | = | ਵਾਲ਼ੀ– ਕੰਨ ਦਾ ਜ਼ੇਵਰ। |
| ਗੋਲੀ–ਦਾਸੀ | = | ਗੋਲ਼ੀ– ਕਿਸੇ ਬੰਦੂਕ ਆਦਿ ਦੀ ਗੋਲ਼ੀ ਜਾਂ ਦਵਾਈ ਆਦਿ ਦੀ ਵੱਟੀ। |

ਪ੍ਰਸ਼ਨ ੩੫ – ਕੀ 'ਲ' ਅੱਖਰ ਕਿਸੇ ਸ਼ਬਦ ਵਿੱਚ ਬਿੰਦੀ ਸਹਿਤ ਜਾਂ ਬਿੰਦੀ ਤੋਂ ਬਿਨਾਂ ਵੀ ਵਰਤੋਂ ਵਿੱਚ ਆਉਂਦਾ ਹੈ?
ਉੱਤਰ – ਜੀ ਹਾਂ, 'ਲ' ਅੱਖਰ ਕਈ ਸ਼ਬਦਾਂ ਵਿੱਚ ਬਿੰਦੀ ਸਹਿਤ ਜਾਂ ਬਿੰਦੀ ਤੋਂ ਬਿਨਾਂ ਵੀ ਵਰਤੋਂ ਵਿੱਚ ਆਉਂਦਾ ਹੈ ਅਤੇ ਸ਼ਬਦਾਂ ਦੇ ਅਰਥ ਵਿੱਚ ਵੀ ਕੋਈ ਫ਼ਰਕ ਨਹੀਂ ਪੈਂਦਾ ਹੈ, ਜਿਵੇਂ ਕਿ ਜੰਗਲ ਜਾਂ ਜੰਗਲ਼, ਲਿਖਤ ਜਾਂ ਲ਼ਿਖਤ ਆਦਿ।
ਪ੍ਰਸ਼ਨ ੩੬ – ਘ, ਝ, ਢ, ਧ ਅਤੇ ਭ ਅੱਖਰ ਹੋਰ ਕਿਸ ਕਿਸ ਅੱਖਰ ਦੇ ਨਾਲ ਰਲਦੀ ਆਵਾਜ਼ ਦਿੰਦੇ ਹਨ ਅਤੇ ਕਦੋਂ ਦਿੰਦੇ ਹਨ?
ਉੱਤਰ – ਜਦੋਂ ਵੀ ਇਹ ਅੱਖਰ ਘ, ਝ, ਢ, ਧ ਅਤੇ ਭ ਕਿਸੇ ਸ਼ਬਦ ਦੇ ਪਹਿਲਾਂ ਆਉਣ ਤਾਂ ਇਹ ਆਪਣੀ ਹੀ ਆਵਾਜ਼ ਦਿੰਦੇ ਹਨ, ਪਰ ਜੇਕਰ ਇਹ ਕਿਸੇ ਸ਼ਬਦ ਦੇ ਪਹਿਲੇ ਅੱਖਰ ਦੀ ਥਾਂ ਬਾਅਦ ਵਿੱਚ ਆਉਣ ਤਾਂ ਇਹ ਅੱਖਰ ਵਰਣਮਾਲ਼ਾ ਵਿਚ ਆਉਣ ਵਾਲ਼ੇ ਆਪਣੇ ਤੋਂ ਪਹਿਲੇ ਵਾਲ਼ੇ ਅੱਖਰ ਦੀ ਆਵਾਜ਼ ਨਾਲ ਰਲਦੀ ਆਵਾਜ਼ ਦਿੰਦੇ ਹਨ।

| | | | | |
|---|---|---|---|---|
| ਕ | ਖ | ਗ | ਘ | ਙ |
| ਚ | ਛ | ਜ | ਝ | ਞ |
| ਟ | ਠ | ਡ | ਢ | ਣ |
| ਤ | ਥ | ਦ | ਧ | ਨ |
| ਪ | ਫ | ਬ | ਭ | ਮ |

ਨਿੱਘ, ਰੀਝ, ਬੁੱਢਾ, ਦੁੱਧ ਅਤੇ ਜੀਭ ਆਦਿ, ਇਹਨਾਂ ਸ਼ਬਦਾਂ ਵਿੱਚ ਘ–ਗ ਦੀ, ਝ–ਜ ਦੀ, ਢ–ਡ ਦੀ, ਧ–ਦ ਦੀ ਅਤੇ ਭ–ਬ ਦੀ ਆਵਾਜ਼ ਨਾਲ ਮਿਲਦੀ–ਜੁਲਦੀ ਆਵਾਜ਼ ਦਿੰਦੇ ਹਨ।
(ਨੋਟ:– ਸੰਧੀ ਜੋੜ ਸ਼ਬਦਾਂ ਵਿੱਚ ਇਹ ਨਿਯਮ ਨਹੀਂ ਵਰਤਿਆ ਜਾਂਦਾ)
ਪ੍ਰਸ਼ਨ ੩੭ – ਸੰਧੀ ਜੋੜ ਕਿਸਨੂੰ ਕਹਿੰਦੇ ਹਨ?
ਉੱਤਰ – ਦੋ ਸ਼ਬਦਾਂ ਦੇ ਮੇਲ ਦੇ ਜੋੜ ਤੋਂ ਬਣੇ ਸ਼ਬਦਾਂ ਨੂੰ ਸੰਧੀ ਜੋੜ ਕਿਹਾ ਜਾਂਦਾ ਹੈ, ਜਿਵੇਂ ਕਿ:– ਸਤਿ+ਨਾਮੁ=ਸਤਿਨਾਮੁ, ਨਿਰ+ਭਉ= ਨਿਰਭਉ।



Scanned by CamScanner

ਪ੍ਰਸ਼ਨ ੩੮ – ਗੁਰਮੁਖੀ ਲਿੱਪੀ ਵਿੱਚ ਸ਼ਬਦ ਦੇ ਅੰਤ ਵਿੱਚ ਆਏ ਸਿਹਾਰੀ (ਿ) ਅਤੇ ਔਂਕੜ (ੁ) ਦੇ ਉਚਾਰਨ ਦਾ ਕੀ ਨਿਯਮ ਹੈ?

ਉੱਤਰ – ਗੁਰਮੁਖੀ ਲਿੱਪੀ ਵਿੱਚ ਕਿਸੇ ਵੀ ਅਖ਼ੀਰਲੇ ਅੱਖਰ ਨੂੰ ਸਿਹਾਰੀ (ਿ) ਅਤੇ ਔਂਕੜ (ੁ) ਦੀ ਵਰਤੋਂ ਨਹੀਂ ਹੁੰਦੀ ਪਰ ਕਿਸੇ ਸ਼ਬਦ ਦੇ ਅਖ਼ੀਰ 'ੳ' ਅੱਖਰ ਨਾਲ ਔਂਕੜ ਦੀ ਵਰਤੋਂ ਕਰਨ ਨਾਲ ਔਂਕੜ 'ਹੋੜੇ' (ੋ) ਦੀ ਆਵਾਜ਼ ਦਿੰਦਾ ਹੈ ਜਿਵੇਂ –ਕਿਉਂ, ਖਾਉ, ਪਿਉ ਆਦਿ ਵਿੱਚ 'ਉ' ਦੀ ਜਗ੍ਹਾ ਓ (ੋ) ਦੀ ਆਵਾਜ਼ ਹੈ।

ਇਸੇ ਤਰਾਂ ਗੁਰਮੁਖੀ ਲਿੱਪੀ ਵਿੱਚ ਕਿਸੇ ਸ਼ਬਦ ਦੇ ਅਖ਼ੀਰ ਸਿਹਾਰੀ ਦੀ ਵਰਤੋਂ ਨਹੀਂ ਹੁੰਦੀ, ਜੇਕਰ ਕਿਸੇ ਸ਼ਬਦ ਦੇ ਅੰਤ ਸਿਹਾਰੀ ਦੀ ਵਰਤੋਂ ਕੀਤੀ ਵੀ ਹੋਵੇ ਤਾਂ ਉਸਦਾ ਉਚਾਰਨ ਨਹੀਂ ਹੁੰਦਾ ਜਿਵੇਂ–**ਅਤਿ, ਕਾਰਿ,** ਆਦਿ।

ਪਰ ਕਿਸੇ **ਇੱਕਲੇ ਅੱਖਰ ਨੂੰ ਸਿਹਾਰੀ ਲੱਗੀ ਹੋਵੇ ਤਾਂ ਸਿਹਾਰੀ ਲਾਂ (ੇ) ਨਾਲ ਰਲਦੀ ਆਵਾਜ਼ ਦੇ ਦੇਵੇਗੀ** ਜਿਵੇਂ ਆਮ ਤੌਰ ਤੇ ਵਰਤਿਆਂ ਜਾਣ ਵਾਲਾ ਸ਼ਬਦ 'ਕਿ' ਨੂੰ ਲੱਗੀ ਸਿਹਾਰੀ 'ਕੇ' ਵਰਗੀ ਆਵਾਜ਼ ਦਿੰਦੀ ਹੈ। ਗੁਰਬਾਣੀ ਵਿੱਚ ਇਸ ਤਰ੍ਹਾਂ ਹੋਰ ਵੀ ਸ਼ਬਦ ਆਉਂਦੇ ਹਨ ਜਿਵੇਂ:–ਸਿ–ਸੇ, ਭਿ–ਭੇ, ਆਦਿ। ਇਸੇ ਤਰਾਂ ਗੁਰਬਾਣੀ ਵਿੱਚ **ਇੱਕਲੇ ਅੱਖਰ ਦੇ ਸ਼ਬਦ ਨਾਲ ਔਂਕੜ ਹੋੜੇ ਜਿਹੀ ਆਵਾਜ਼ ਦੇਵੇਗਾ ਜਿਵੇਂ:– ਸੁ–ਸੋ, ਕੁ–ਕੋ ਆਦਿ।**

ਪ੍ਰਸ਼ਨ ੩੯ – ਗੁਰਬਾਣੀ ਵਿੱਚ ਆਏ ਸ਼ਬਦਾਂ ਦੇ ਅਖ਼ੀਰ 'ਤੇ ਲੱਗੀ ਸਿਹਾਰੀ ਤੇ ਔਂਕੜ ਦਾ ਉਚਾਰਨ ਕਿਹੜੇ ਸ਼ਬਦਾਂ ਜਾਂ ਅੱਖਰਾਂ ਨਾਲ ਹੁੰਦਾ ਹੈ?

ਉੱਤਰ – ਗੁਰਬਾਣੀ ਵਿੱਚ 'ੳ' ਅਤੇ 'ੲ' ਅੱਖਰ ਕਿਸੇ ਵੀ ਸ਼ਬਦ (word) ਦੇ ਅਖ਼ੀਰ ਵਿੱਚ ਆਉਣ ਤਾਂ ਇਹਨਾਂ ਨੂੰ ਲੱਗੀ ਹੋਈ ਲਗ ਸਿਹਾਰੀ (ਿ) ਜਾਂ ਔਂਕੜ (ੁ) ਦਾ ਹਲਕਾ ਜਿਹਾ ਉਚਾਰਨ ਹੋਵੇਗਾ, ਜਿਵੇ ਕਿ:– ਜੀਉ, ਭਾਉ, ਸਿਮਰਉ, ਨਾਇ ਹੋਇ, ਵਸਾਇ, ਆਦਿ।

ਪਰ ਜੇਕਰ ਗੁਰਬਾਣੀ ਵਿੱਚ 'ਹ' ਅੱਖਰ ਕਿਸੇ ਸ਼ਬਦ (word) ਦੇ ਅਖ਼ੀਰ ਵਿੱਚ ਆਵੇ ਅਤੇ 'ਹ' ਅੱਖਰ ਨੂੰ ਸਿਹਾਰੀ (ਿ) ਜਾਂ ਔਂਕੜ (ੁ) ਅੰਤ ਵਿੱਚ ਲੱਗਾ ਹੈ ਤਾਂ ਇਨ੍ਹਾਂ ਲਗਾਂ ਦਾ ਉਚਾਰਨ ਤਾਂ ਹੀ ਹੋਵੇਗਾ ਜੇ ਉਹ ਸ਼ਬਦ (word) ਕਿਰਿਆ (verb) ਹੈ। ਜਿਵੇਂ:– ਹੋਹਿ, ਜਾਹਿ, ਫਿਰਾਹਿ ਆਦਿ। ਇਸੇ ਤਰਾਂ ਜਾਹੁ, ਖਾਹੁ, ਗਾਵਹੁ, ਸੁਣਹੁ ਆਦਿ।

ਨੋਟ:–'ਹ' ਅੱਖਰ ਦੇ ਉਚਾਰਨ ਸੰਬੰਧੀ ਹੋਰ ਵੀ ਨਿਯਮ ਹਨ।

ਪ੍ਰਸ਼ਨ ੪੦ – ਗੁਰਮੁਖੀ ਲਿੱਪੀ ਦੇ ਕਿਹੜੇ ਅੱਖਰ ਅੱਧੇ ਸੁਰ ਅਤੇ ਅੱਧੇ ਵਿਅੰਜਨ ਹਨ?

ਉੱਤਰ – 'ਹ' ਅਤੇ 'ਯ' ਅੱਖਰ।

ਪ੍ਰਸ਼ਨ ੪੧ – 'ਹ' ਅੱਖਰ ਵਿਅੰਜਨ ਕਿਵੇਂ ਹੁੰਦਾ ਹੈ?

ਉੱਤਰ – 'ਹ' ਅੱਖਰ ਜੇਕਰ ਕਿਸੇ ਸ਼ਬਦ ਦੇ ਪਹਿਲਾਂ ਆਵੇ ਤਾਂ ਇਹ ਵਿਅੰਜਨ ਹੁੰਦਾ ਹੈ। ਜਿਵੇਂ ਕਿ–ਹਾਰ, ਹੱਥ, ਹੱਸਣਾ ਆਦਿ।



Scanned by CamScanner

ਪ੍ਰਸ਼ਨ ੪੨ – 'ਹ' ਅੱਖਰ ਸੂਰ ਦੇ ਰੂਪ ਵਿੱਚ ਕਿਵੇਂ ਹੁੰਦਾ ਹੈ?

ਉੱਤਰ – ਜੇਕਰ 'ਹ' ਅੱਖਰ ਕਿਸੇ ਸ਼ਬਦ ਵਿੱਚ ਪਹਿਲਾਂ ਆਉਣ ਦੀ ਥਾਂ ਬਾਅਦ ਵਿੱਚ ਆਵੇ ਤਾਂ ਇਹ ਸੂਰ ਹੁੰਦਾ ਹੈ ਜਿਵੇਂ ਕਿ–ਗਾਹ, ਚਾਹ, ਵਿਆਹ ਆਦਿ।

ਜੇਕਰ 'ਹ' ਅੱਖਰ ਤੋਂ ਪਹਿਲਾ ਅੱਖਰ ਮੁਕਤਾ ਹੋਵੇ ਅਤੇ 'ਹ' ਅੱਖਰ ਨੂੰ ਸਿਹਾਰੀ ਲੱਗੀ ਹੋਵੇ ਤਾਂ 'ਹ' ਤੋਂ ਪਹਿਲਾਂ ਵਾਲ਼ੇ ਅੱਖਰ ਨੂੰ ਦੁਲਾਵਾਂ ( ੈ ) ਲੱਗ ਜਾਂਦੀਆਂ ਹਨ ਜਿਵੇਂ ਕਿ–

| ਸ਼ਬਦ | | ਉਚਾਰਨ |
|---|---|---|
| ਸ਼ਹਿਰ | – | ਸ਼ੈਹਰ |
| ਜ਼ਹਿਰ | – | ਜ਼ੈਹਰ |
| ਰਹਿਣਾ | – | ਰੈਹਣਾ |
| ਦੁਪਹਿਰ | – | ਦੁਪੈਹਰ |

ਪ੍ਰਸ਼ਨ ੪੩ – 'ਯ' ਅੱਖਰ ਵਿਅੰਜਨ ਦੇ ਰੂਪ ਵਿਚ ਕਿਵੇਂ ਹੁੰਦਾ ਹੈ?

ਉੱਤਰ – 'ਯ' ਅੱਖਰ ਜੇਕਰ ਕਿਸੇ ਸ਼ਬਦ ਦੇ ਪਹਿਲਾਂ ਆਵੇ ਤਾਂ ਇਹ ਵਿਅੰਜਨ ਹੁੰਦਾ ਹੈ। ਜਿਵੇਂ ਕਿ– ਯਾਰ, ਯਾਦ, ਯਕ ਆਦਿ

ਪ੍ਰਸ਼ਨ ੪੪ – 'ਯ' ਅੱਖਰ ਸੂਰ ਦੇ ਰੂਪ ਵਿੱਚ ਕਿਵੇਂ ਹੁੰਦਾ ਹੈ?

ਉੱਤਰ – 'ਯ' ਅੱਖਰ ਜੇਕਰ ਕਿਸੇ ਸ਼ਬਦ ਵਿਚ ਪਹਿਲਾਂ ਆਉਣ ਦੀ ਥਾਂ ਬਾਅਦ ਵਿੱਚ ਆਵੇ ਤਾਂ ਇਹ ਸੂਰ ਹੁੰਦਾ ਹੈ ਜਿਵੇਂ ਕਿ – ਦਯਾ–ਦਇਆ ਭਯ–ਭੈ ਆਦਿ।

ਪ੍ਰਸ਼ਨ ੪੫ – 'ਯ' ਅੱਖਰ ਦੇ ਨਿਯਮ ਦੱਸੋ?

ਉੱਤਰ – 'ਯ' ਅੱਖਰ ਦੇ ਕੁਝ ਕੁ ਮੁੱਖ ਨਿਯਮ ਇਹ ਹਨ–

(ੳ) 'ਯ' ਅਤੇ 'ਯ' ਤੋਂ ਪਹਿਲਾਂ ਦਾ ਅੱਖਰ ਦੋਨੋਂ ਹੀ ਮੁਕਤੇ ਹੋਣ ਤਾਂ 'ਯ' ਅੱਖਰ ਦੁਲਾਵਾਂ ਦੀ ਆਵਾਜ਼ ਦਿੰਦਾ ਹੈ ਜਿਵੇਂ ਕਿ–

| ਸ਼ਬਦ | | ਉਚਾਰਨ | ਸ਼ਬਦ | | ਉਚਾਰਨ |
|---|---|---|---|---|---|
| ਭਯ | – | ਭੈ | ਮਯ | – | ਮੈ |
| ਜਯਦੇਵ | – | ਜੈਦੇਵ | ਬਯਣਿ | – | ਬੈਣ |
| ਨਯਣਿ | – | ਨੈਣ | ਸਯ | – | ਸੈ |
| ਰਯਨਿ | – | ਰੈਨ | ਰਯ | – | ਰੈ |

(ਅ) ਜੇਕਰ 'ਯ' ਅੱਖਰ ਨੂੰ ਕੰਨਾ (ਾ) ਲੱਗਾ ਹੋਵੇ ਤਾਂ ਇਹ 'ਇਆ' ਦੀ ਆਵਾਜ਼ ਦਿੰਦਾ ਹੈ ਜਿਵੇਂ:–



Scanned by CamScanner

| | | | | | |
|---|---|---|---|---|---|
| ਸ਼ਬਦ | - | ਉਚਾਰਨ | ਸ਼ਬਦ | - | ਉਚਾਰਨ |
| ਦਯਾ | - | ਦਇਆ | ਭਯਾ | - | ਭਇਆ |
| ਛਾਯਾ | - | ਛਾਇਆ | ਕਾਯਾ | - | ਕਾਇਆ |
| ਦਿਖਾਯਾ | - | ਦਿਖਾਇਆ | ਪਯਾਲਿ | - | ਪਇਆਲ |
| ਦਯਾਲ | - | ਦਇਆਲ | ਭਯਾਨ | - | ਭਇਆਨ |
| ਪੈਯਾ | - | ਪੈਇਆ | ਮਯਾ | - | ਮਇਆ |

(ੲ) ਜੇਕਰ 'ਯ' ਅੱਖਰ ਤੋਂ ਪਹਿਲਾਂ ਅੱਧਕ ਹੈ ਤਾਂ 'ਯ' ਅੱਖਰ 'ਈ' ਦੀ ਆਵਾਜ਼' ਦਿੰਦਾ ਹੈ ਅਤੇ 'ਯ' ਅੱਖਰ ਨੂੰ ਲੱਗੀ ਹੋਈ ਲਗ ਆਦਿ ਨਾਲ ਹੀ (ਕੰਨਾ-ਆ ਲਾਂ-ਏ, ਦੁਲਾਵਾਂ-ਐ, ਹੋੜਾ-ਓ, ਬਿਹਾਰੀ-ਈ) ਆਪਣੀ ਵੱਖਰੀ ਆਵਾਜ਼ ਦਿੰਦੀ ਹੈ, ਜਿਵੇਂ:-

ਮੁਕਤਾ - ਰੱਯਤਿ-ਰਈਅਤ, ਦੱਯ-ਦਈ
ਕੰਨਾ - ਭੱਯਾ-ਭਈਆ, ਦੱਯਾ-ਦਈਆ, ਭਛੱਯਾ-ਭਛੱਈਆ
ਬਿਹਾਰੀ - ਦੁੱਯੀ-ਦੁਈਈ
ਲਾਂ - ਮੁੱਯੇ-ਮੁਈਏ, ਰਮੱਯੇ-ਰਮਈਏ, ਸਵੱਯੇ-ਸਵਈਏ
ਦੁਲਾਵਾਂ - ਦੁੱਯੈ-ਦੁਈਐ
ਹੋੜਾ - ਅੱਯੋ-ਅਈਓ

(ਨੋਟ:- 'ਯ' ਅੱਖਰ ਦੀ ਵਰਤੋਂ ਦੇ ਹੋਰ ਨਿਯਮਾਂ ਨੂੰ ਜਾਣਨ ਲਈ ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਦੀ ਕਿਤਾਬ ਪੜ੍ਹੋ,'ਗੁਰਬਾਣੀ ਵਿਚ 'ਯਯੇ' ਅੱਖਰ (ਯ) ਦੀ ਬਹੁ-ਭਾਂਤੀ ਵਰਤੋਂ')

ਪ੍ਰਸ਼ਨ ੪੬ - ਕਿਰਿਆ ਸ਼ਬਦ ਦੇ ਅੰਤ ਵਿੱਚ 'ਣ' ਅਤੇ 'ਨ' ਅੱਖਰ ਦੀ ਵਰਤੋਂ ਬਾਰੇ ਦੱਸੋ?

ਉੱਤਰ - ਜਿਨ੍ਹਾਂ ਕਿਰਿਆਵਾਂ ਦਾ ਅਖ਼ੀਰਲਾ ਅੱਖਰ ਜੇਕਰ ਣ, ਰ, ਅਤੇ ੜ ਵਿਚੋਂ ਕੋਈ ਵੀ ਅੱਖਰ ਹੋਵੇ ਤਾਂ ਇਹਨਾਂ ਅੱਖਰਾਂ ਨਾਲ 'ਨ' ਅੱਖਰ ਦੀ ਵਰਤੋਂ ਹੁੰਦੀ ਹੈ ਅਤੇ ਦੂਸਰਿਆਂ ਦੇ ਅਖ਼ੀਰ ਵਿੱਚ 'ਣ' ਅੱਖਰ ਦੀ ਵਰਤੋਂ ਕੀਤੀ ਜਾਂਦੀ ਹੈ ਜਿਵੇਂ ਕਿ- ਸੁਣ ਤੋਂ ਸੁਣਨਾ, ਤਰ ਤੋਂ ਤਰਨਾ, ਜਾਣ ਤੋਂ ਜਾਣਨਾ, ਪੜ੍ਹ ਤੋਂ ਪੜ੍ਹਨਾ,ਚੀਰ ਤੋਂ ਚੀਰਨਾ, ਜੋੜ ਤੋਂ ਜੋੜਨਾ।

ਪ੍ਰਸ਼ਨ ੪੭ - ਗੁਰਮੁਖੀ ਲਿੱਪੀ ਵਿੱਚ ਵਰਤੇ ਜਾਂਦੇ ਦੁੱਤ ਅੱਖਰਾਂ ਬਾਰੇ ਦੱਸੋ?

ਉੱਤਰ - ਦੋ ਅੱਖਰਾਂ ਦੇ ਮੇਲ ਤੋਂ ਬਣੇ ਅੱਖਰ ਨੂੰ ਦੁੱਤ ਅੱਖਰ ਆਖਦੇ ਹਨ। ਦੁੱਤ ਅੱਖਰ ਦੀ ਵਰਤੋਂ ਦੂਸਰੇ ਕਿਸੇ ਅੱਖਰ ਦੇ ਪੈਰ ਵਿੱਚ ਕੀਤੀ ਜਾਂਦੀ ਹੈ।

ਗੁਰਮੁਖੀ ਲਿੱਪੀ ਵਿੱਚ ਕੇਵਲ ਤਿੰਨ ਅੱਖਰ 'ਹ', 'ਰ', ਅਤੇ 'ਵ' ਹੀ ਦੁੱਤ ਅੱਖਰ ਲਈ ਵਰਤੇ ਜਾਂਦੇ ਹਨ। ਦੁੱਤ ਅੱਖਰ ਵਿੱਚ ਲੱਗੀ ਹੋਈ ਲਗ ਪੈਰ ਵਾਲੇ ਅੱਖਰਾਂ ਨਾਲ ਬੋਲਦੀ ਹੈ ਜਿਵੇਂ ਕਿ - 'ਰ' ਅੱਖਰ



Scanned by CamScanner

| ਸ਼ਬਦ | - | ਉਚਾਰਨ |
|---|---|---|
| ਪ੍ਰੇਮ | - | ਪਰੇਮ |
| ਕ੍ਰਿਪਾ | - | ਕਰਿਪਾ |
| ਪ੍ਰਾਂਤ | - | ਪਰਾਂਤ |
| ਕ੍ਰੋਧ | - | ਕਰੋਧ |

'ਵ' ਅੱਖਰ

ਸ੍ਵਰ, ਸ੍ਵਛ, ਸ੍ਵੈਮਾਨ ਆਦਿ

'ਹ' ਅੱਖਰ

ਵਰ੍ਹਾ, ਪੜ੍ਹ, ਖੋਲ੍ਹ, ਚੜ੍ਹ ਆਦਿ

ਨੋਟ:- ਦੁੱਤ ਅੱਖਰ ਨੂੰ ਸੰਯੁਕਤ ਜਾਂ ਸੰਜੋਗੀ ਅੱਖਰ ਵੀ ਕਿਹਾ ਜਾਂਦਾ ਹੈ।

ਪ੍ਰਸ਼ਨ ੪੮ – ਗੁਰਬਾਣੀ ਵਿੱਚ 'ਹ', 'ਰ' ਅਤੇ 'ਵ' ਅੱਖਰ ਤੋਂ ਇਲਾਵਾ ਹੋਰ ਕਿਹੜੇ ਅੱਖਰਾਂ ਦੀ ਪੈਰ ਵਿੱਚ ਵਰਤੋਂ ਕੀਤੀ ਗਈ ਹੈ ?

ਉੱਤਰ – 'ਯ' ਅੱਖਰ ਦੀ ਜਿਵੇਂ ਕਿ-

| ਸ਼ਬਦ | - | ਉਚਾਰਨ | ਸ਼ਬਦ | - | ਉਚਾਰਨ |
|---|---|---|---|---|---|
| ਆਗ੍ਯਿ | - | ਆਗਿਅ | ਉਜ੍ਯਾਰਾ | - | ਉਜਿਆਰਾ |
| ਤਿਆਗ੍ਯਿ | - | ਤਿਆਗਿਅ | ਛੁਟਕ੍ਯਾ | - | ਛੁਟਕਿਆ |
| ਨਖ੍ਯਤ੍ਰ | - | ਨਖਿਅਤ੍ਰ | ਧ੍ਯਾਨ | - | ਧਿਆਨ |
| ਅਤ੍ਯੰਤ | - | ਅਤਿਅੰਤ | ਜੋੜ੍ਯਿੰ | - | ਜੋੜਿਅੰ |

'ਚ' ਦੀ ਦੁੱਤ ਅੱਖਰ ਵਜੋਂ ਵਰਤੋਂ – ਅਸ੍ਚਰਜ
ਉਚਾਰਨ–ਅਸਚਰਜ

'ਟ' ਦੀ ਦੁੱਤ ਅੱਖਰ ਵਜੋਂ ਵਰਤੋਂ – ਗਰਿਸ੍ਟ, ਸ੍ਰਿਸ੍ਟ
ਉਚਾਰਨ–ਗਰਿਸਟ, ਸਰਿਸ਼ਟ

'ਤ' ਦੀ ਦੁੱਤ ਅੱਖਰ ਵਜੋਂ ਵਰਤੋਂ – ਬਿਸ੍ਤੀਰਨਹ, ਮਸ੍ਤਕ, ਅਸ੍ਤ ਪੁਸ੍ਤਕ, ਦਸ੍ਤਗੀਰੀ, ਹਸ੍ਤ, ਬਿਗ੍ਯਾਪ੍ਤਿ।
ਉਚਾਰਨ–ਬਿਸਤੀਰਨਹ, ਮਸਤਕ, ਅਸਤ, ਪੁਸਤਕ, ਦਸਤਗੀਰੀ, ਹਸਤ, ਬਿਗਿਆਪਿਤ

'ਨ' ਦੀ ਦੁੱਤ ਅੱਖਰ ਵਜੋਂ ਵਰਤੋਂ – ਸ੍ਨੇਹੰ, ਕ੍ਰਿਸ੍ਨੰ, ਬੈਸ੍ਨਵਹ
ਉਚਾਰਨ–ਸਨੇਹੰ, ਕ੍ਰਿਸ਼ਨੰ, ਬੈਸ਼ਨਵਹ।

*********



Scanned by CamScanner

# ਵਿਸ਼ਰਾਮ ਚਿੰਨ੍ਹ– Punctuation Marks

ਵਿਸ਼ਰਾਮ ਚਿੰਨ ਉਹ ਨਿਸ਼ਾਨ (Marks) ਹਨ, ਜੋ ਕਿ ਕਿਸੇ ਬੋਲੀ ਦੇ ਲਿਖਤ ਰੂਪ ਵਿੱਚ ਵੱਖ–ਵੱਖ ਤਰ੍ਹਾਂ ਦੇ ਭਾਵ ਅਤੇ ਠਹਿਰਾਓ ਪ੍ਰਗਟ ਕਰਨ ਦਾ ਕੰਮ ਕਰਦੇ ਹਨ।

ਪਹਿਲਾਂ ਗੁਰਮੁਖੀ ਲਿੱਪੀ ਵਿੱਚ ਸਿਰਫ਼ ਡੰਡੀ (।) ਅਤੇ ਦੁਬਿੰਦੀ (:) ਦੀ ਵਰਤੋਂ ਕੀਤੀ ਜਾਂਦੀ ਸੀ, ਪਰ ਹੁਣ ਗੁਰਮੁਖੀ ਲਿੱਪੀ ਵਿੱਚ ਅੰਗਰੇਜ਼ੀ ਭਾਸ਼ਾ ਦੇ ਹੋਰ ਚਿੰਨ੍ਹਾਂ ਨੂੰ ਅਪਨਾਉਣ ਕਰਕੇ ਇਹਨਾਂ ਵਿਸ਼ਰਾਮ ਚਿੰਨ੍ਹਾਂ ਦੀ ਗਿਣਤੀ ੧੩ ਹੈ।

| | |
|---|---|
| ੧. ਡੰਡੀ ਜਾਂ ਪੂਰਨ ਵਿਸ਼ਰਾਮ | ( । ) Full Stop |
| ੨. ਕਾਮਾ | ( , ) Comma |
| ੩. ਬਿੰਦੀ ਕਾਮਾ ਜਾਂ ਅਰਧ ਵਿਸ਼ਰਾਮ | ( ; ) Semi Colon |
| ੪. ਪ੍ਰਸ਼ਨ ਚਿੰਨ੍ਹ | ( ? ) Sign of Interrogation |
| ੫. ਵਿਸਮਿਕ ਚਿੰਨ੍ਹ | ( ! ) Sign of Exclamation |
| ੬. ਬਿੰਦੀ | ( . ) Dot |
| ੭. ਦੁਬਿੰਦੀ | ( : ) Colon |
| ੮. ਡੈਸ਼ | ( - ) Dash |
| ੯. ਦੁਬਿੰਦੀ ਡੈਸ਼ | ( :- ) Colon Dash |
| ੧੦. ਪੁੱਠੇ ਕਾਮੇ | ( " " ) Inverted Comma's |
| ੧੧. ਜੋੜਨੀ | ( - ) Hyphen |
| ੧੨. ਛੁੱਟ ਮਰੋੜੀ | ( ' ) Apostrophe |
| ੧੩. ਬਰੈਕਟ | { }, ( ), [ ] Brackets |



Scanned by CamScanner

# ਗੁਰੂ ਨਾਨਕ ਸਾਹਿਬ ਜੀ ਦਾ ਸੰਖੇਪ ਜੀਵਨ

ਜਨਮ : ੨੦ ਵੈਸਾਖ ਸੰਮਤ ੧੫੨੬, ਈਸਵੀ ਸੰਨ ੧੫ ਅਪ੍ਰੈਲ ੧੪੬੯।

ਜਨਮ ਅਸਥਾਨ : ਰਾਇ ਭੋਇ ਦੀ ਤਲਵੰਡੀ, ਨਨਕਾਣਾ ਸਾਹਿਬ ਪਾਕਿਸਤਾਨ।

ਪਿਤਾ : ਮਹਿਤਾ ਕਲਿਆਣ ਦਾਸ ਜੀ ।

ਮਾਤਾ : ਤ੍ਰਿਪਤਾ ਜੀ।

ਨਾਨਕਾ ਪਿੰਡ : ਪਿੰਡ ਚਾਹਲ, ਤਹਿ: ਲਾਹੌਰ, ਪਾਕਿਸਤਾਨ।

ਵੱਡੀ ਭੈਣ : ਬੀਬੀ ਨਾਨਕੀ ਜੀ, ਗੁਰੂ ਨਾਨਕ ਸਾਹਿਬ ਜੀ ਪੰਜ ਸਾਲ ਵੱਡੇ ਸਨ, ਇਹਨਾਂ ਦਾ ਵਿਆਹ ਸੁਲਤਾਨਪੁਰ ਦੇ ਰਹਿਣ ਵਾਲ਼ੇ ਭਾਈ ਜੈ ਰਾਮ ਜੀ ਨਾਲ ਹੋਇਆ।

ਉਮਰ ੭ ਸਾਲ : ਪਾਂਧੇ ਪਾਸ ਪੜ੍ਹਨੇ ਗਏ।

ਉਮਰ ੯ ਸਾਲ : ਮਾਪੇ ਜਨੇਊ ਪੁਆਣ ਲੱਗੇ ਤਾਂ ਗੁਰੂ ਨਾਨਕ ਸਾਹਿਬ ਜੀ ਨੇ ਇਨਕਾਰ ਕਰ ਦਿੱਤਾ।

ਵਿਆਹ ਅਤੇ ਸੰਤਾਨ : ੧੮ ਸਾਲ ਦੀ ਉਮਰ ਵਿੱਚ ਸੰਨ ੧੪੮੭ ਨੂੰ ਬਟਾਲੇ ਦੇ ਮੂਲਚੰਦ ਜੀ ਦੀ ਸਪੁੱਤਰੀ ਮਾਤਾ ਸੁਲੱਖਣੀ ਜੀ ਨਾਲ ਵਿਆਹ ਹੋਇਆ। ਸੰਨ ੧੪੯੭ ਨੂੰ ਬਾਬਾ ਸ੍ਰੀ ਚੰਦ ਜੀ ਦਾ ਜਨਮ ਹੋਇਆ ਅਤੇ ਸੰਨ ੧੫੦੦ ਨੂੰ ਬਾਬਾ ਲਖਮੀ ਚੰਦ ਜੀ ਦਾ ਜਨਮ ਹੋਇਆ।

ਸੰਨ ੧੫੦੪ ਤੋਂ ੧੫੦੭ ਤੱਕ ਸੁਲਤਾਨਪੁਰ ਰਹੇ। ਇੱਥੇ ਹੀ ਨਵਾਬ ਦੌਲਤ ਖਾਂ ਦੇ ਮੋਦੀ ਬਣੇ। ਇੱਥੇ ਹੀ ਮੈਲਸੀਹਾਂ ਦੇ ਭਾਈ ਭਗੀਰਥ ਜੀ ਗੁਰੂ ਜੀ ਦੇ ਸਿੱਖ ਬਣੇ ਅਤੇ ਭਾਈ ਭਗੀਰਥ ਜੀ ਰਾਹੀਂ ਲਾਹੌਰ ਦੇ ਭਾਈ ਮਨਸੁੱਖ ਜੀ ਵੀ ਸਿੱਖ ਬਣੇ ਅਤੇ ਗੁਰੂ ਸਹਿਬ ਜੀ ਦੇ ਦਰਸ਼ਨ ਕਰਨ ਸੁਲਤਾਨਪੁਰ ਆਏ।

ਪਹਿਲੀ ਉਦਾਸੀ :- ਸੰਨ ੧੫੦੭ ਤੋਂ ੧੫੧੫ ਈਸਵੀ ਤੱਕ ਕੀਤੀ । ਇਹ ਉਦਾਸੀ (ਪ੍ਰਚਾਰ ਫੇਰੀ) ਹਿੰਦੂ ਤੀਰਥਾਂ ਵੱਲ ਦੀ ਸੀ।

ਪਹਿਲੀ ਉਦਾਸੀ ਤੋਂ ਵਾਪਸ ਆ ਕੇ ਸੁਲਤਾਨਪੁਰ ਬੇਬੇ ਨਾਨਕੀ ਜੀ ਨੂੰ ਮਿਲੇ। ਤਲਵੰਡੀ ਪਹੁੰਚ ਕੇ ਮਾਤਾ ਪਿਤਾ ਜੀ ਨੂੰ ਮਿਲੇ ਅਤੇ ਪੱਖੋਕੇ ਰੰਧਾਵੇ (ਰਾਵੀ ਦੇ ਕੰਢੇ) ਪਰਿਵਾਰ ਨੂੰ ਮਿਲਣ ਗਏ। ੧੫੧੬ ਨੂੰ ਕਰਤਾਰਪੁਰ ਨਗਰ ਵਸਾਇਆ ਅਤੇ ਫਿਰ ਸਾਰੇ ਪਰਿਵਾਰ ਸਮੇਤ ੨ ਕੁ ਸਾਲ ਕਰਤਾਰਪੁਰ ਹੀ ਰਹੇ।

ਦੂਜੀ ਉਦਾਸੀ :- ਸੰਨ ੧੫੧੭ ਤੋਂ ੧੫੧੮ ਤੱਕ। ਉਤਰਾਖੰਡ, ਸੁਮੇਰ ਪਰਬਤ ਆਦਿ ਵੱਲ । ਫਿਰ ਵਾਪਿਸ ਕਰਤਾਰਪੁਰ ਪਹੁੰਚੇ।



Scanned by CamScanner

ਤੀਜੀ ਉਦਾਸੀ :- ਸੰਨ ੧੫੧੮ ਤੋਂ ੧੫੨੧ ਤੱਕ ।ਪੱਛਮੀ ਦੇਸਾਂ ਵੱਲ ।ਵਾਪਸ ੧੫੨੧ ਕਰਤਾਰਪੁਰ ਪਹੁੰਚੇ।

ਇਹਨਾਂ ਪ੍ਰਚਾਰ ਫੇਰੀਆਂ ਸਮੇਂ ਗੁਰੂ ਨਾਨਕ ਸਾਹਿਬ ਜੀ ਨਾਲ ਭਾਈ ਮਰਦਾਨਾ ਜੀ ਵੀ ਗਏ।

ਕਰਤਾਰਪੁਰ ਵਾਪਸ ਆ ਕੇ ੧੮ ਸਾਲ ਰਹੇ ਅਤੇ ਇੱਥੇ ਹੀ ਖੇਤੀ ਕੀਤੀ। ਇੱਥੋਂ ਹੀ ਸੰਨ ੧੫੩੦ ਈ: ਬਟਾਲੇ ਗਏ ਅਤੇ ਜੋਗੀਆਂ ਨਾਲ ਵਿਚਾਰ ਚਰਚਾ ਹੋਈ ਭਾਵ "ਸਿਧ ਗੋਸਟਿ" ਕੀਤੀ।

ਬਾਬਾ ਲਹਿਣਾ ਜੀ ਸੰਨ ੧੫੩੨ ਨੂੰ ਕਰਤਾਪੁਰ ਵਿਖੇ ਹੀ ਗੁਰੂ ਨਾਨਕ ਸਾਹਿਬ ਜੀ ਦੀ ਸ਼ਰਨ ਆਏ।

ਗੁਰੂ ਅੰਗਦ ਸਾਹਿਬ ਜੀ ਨੂੰ ਸਤੰਬਰ ਸੰਨ ੧੫੩੯ ਨੂੰ ਗੁਰਿਆਈ ਦਿੱਤੀ।

ਕਰਤਾਰਪੁਰ ਵਿਖੇ ਹੀ ਅੰਤਿਮ ਸਮੇਂ ਤੱਕ ਗੁਰੂ ਨਾਨਕ ਸਾਹਿਬ ਪਰਿਵਾਰ ਸਮੇਤ ਰਹੇ ਅਤੇ ਇੱਥੇ ਹੀ ੨੨ ਸੰਤਬਰ ਸੰਨ ੧੫੩੯ ਨੂੰ ਜੋਤੀ ਜੋਤਿ ਸਮਾ ਗਏ।

ਕੁਲ ਉਮਰ : ਗੁਰੂ ਨਾਨਕ ਸਾਹਿਬ ਜੀ ਦੀ ਕੁਲ ਉਮਰ ੭੦ ਸਾਲ, ੫ ਮਹੀਨੇ, ੩ ਦਿਨ।

ਗੁਰੂ ਨਾਨਕ ਸਾਹਿਬ ਜੀ ਨੇ ਕੁਲ ੧੯ ਰਾਗਾਂ ਵਿੱਚ ਬਾਣੀ ਉਚਾਰਨ ਕੀਤੀ ।
ਗੁਰੂ ਸਾਹਿਬ ਜੀ ਦੇ ਕੁਲ ਸ਼ਬਦ ੯੭੩ ਹਨ।

ਤਿੰਨ ਸੁਨਹਿਰੀ ਉਪਦੇਸ਼ :

## ਕਿਰਤ ਕਰਨੀ

## ਨਾਮ ਜਪਣਾ

## ਵੰਡ ਛਕਣਾ।

Scanned by CamScanner